ਦਫਤਰ ਜਿਲ੍ਹਾ ਮੈਜਿਸਟਰੇਟ,ਫ਼ਤਹਿਗੜ੍ਹ ਸਾਹਿਬ।
(ਫੁੱਟਕਲ ਸ਼ਾਖਾ)
ਹੁਕਮ

ਦਫਤਰੀ ਹੁਕਮ ਨੰ: 820 /ਐਮ.ਏ ਮਿਤੀ: 01-04-2020

ਇਸ ਦਫ਼ਤਰ/ਨਿਮਨ ਹਸਤਾਖਰ ਵੱਲੋ ਫੌਜਦਾਰੀ ਜਾਬਤਾ ਸੰਘਤਾ 1973(1974 ਦਾ ਐਕਟ 2) ਦੀ ਧਾਰਾ 144 ਅਧੀਨ ਪ੍ਰਾਪਤ ਹੋਈਆਂ ਸ਼ਕਤੀਆਂ ਦੀ ਵਰਤੋ ਕਰਦੇ ਹੋਏ, ਹੁਕਮ ਨੰ: 813/ਐਮ.ਏ ਮਿਤੀ 23.03.2020 ਰਾਹੀ ਜਿਲ੍ਹਾ ਫ਼ਤਹਿਗੜ੍ਹ ਸਾਹਿਬ ਦੀ ਹਦੂਦ ਅੰਦਰ ਕਰਫਿਊ ਲਗਾਇਆ ਗਿਆ ਸੀ ਅਤੇ 814/ਐਮ.ਏ ਮਿਤੀ 25.03.2020 ਅਤੇ ਪੱ:ਨੰ:817/ਐਮ.ਏ, ਮਿਤੀ 28/3/2020 ਰਾਹੀ ਕਰਫਿਊ ਵਿੱਚ ਜਰੂਰੀ ਵਸਤੂਆਂ ਦੀ ਸਪਲਾਈ ਲਈ ਕੁਝ ਵਿਅਕਤੀਆਂ/ ਕੈਟਾਗਿਰੀਆਂ ਨੂੰ ਛੋਟ ਦਿੱਤੀ ਗਈ ਸੀ। ਸਰਕਾਰ ਵੱਲੋਂ ਪੱ:ਨੰ:SS/ACSH/2020/272, ਮਿਤੀ 30/3/2020 ਅਤੇ ਪੱ:ਨੰ: ਪੱ:ਨੰ:SS/ACSH/ 2020/275, ਮਿਤੀ 01/4/2020 ਰਾਹੀ ਜਾਰੀ ਹਦਾਇਤਾਂ ਦੀ ਲਗਾਤਾਰਤਾ ਵਿੱਚ ਮੈਂ ਅਮ੍ਰਿਤ ਕੌਰ ਗਿੱਲ, ਆਈ.ਏ.ਐਸ., ਜਿਲ੍ਹਾ ਮੈਜਿਸਟਰੇਟ, ਫਤਹਿਗੜ੍ਹ ਸਾਹਿਬ, ਲੋਕ ਹਿੱਤ ਨੂੰ ਧਿਆਨ ਵਿੱਚ ਰੱਖਦੇ ਹੋਏ ਜਿਲ੍ਹਾ ਫ਼ਤਹਿਗੜ੍ਹ ਸਾਹਿਬ ਦੀ ਹਦੂਦ ਅੰਦਰ ਹੇਠ ਲਿਖੀ ਕੈਟਾਗਿਰੀਜ਼ ਨੂੰ ਵੀ ਕਰਫਿਊ ਤੋਂ ਛੋਟ ਦਿੰਦੀ ਹਾਂ:-

1. ਡਾਕਘਰ ਅਤੇ ਕੋਰੀਅਰ ਸਰਵਿਸ ਦੇ ਦਫਤਰ ਸਵੇਰੇ 10.00 ਵਜੇ ਤੋਂ ਬਾਅਦ ਦੁਪਹਿਰ 02.00 ਵਜੇ ਤੱਕ ਆਪਣਾ ਕੰਮ ਕਰ ਸਕਣਗੇ।ਪਰ ਉਹ ਇਸ ਗੱਲ ਦਾ ਵੀ ਧਿਆਨ ਰੱਖਣਗੇ ਕੇ **ਕੋਵਿੰਡ**-19 ਸਬੰਧੀ ਸਰਕਾਰ ਵੱਲੋ ਸਮੇਂ ਸਮੇਂ ਸਿਰ ਜਾਰੀ ਹਦਾਇਤਾਂ ਦੀ ਪਾਲਣਾ ਕਰਨਗੇ।ਸਟਾਫ ਅਤੇ ਵੰਡੀਆਂ ਜਾਣ ਵਾਲੀਆਂ ਵਸਤੂਆਂ ਦੀ ਪੂਰਨ ਰੂਪ ਵਿੱਚ ਸੈਨੇਟਾਈਜੇਸ਼ਨ ਪ੍ਰੀਕ੍ਰਿਆ ਦਾ ਪਾਲਣ ਕਰਨਗੇ।
2. ਬੈਂਕ ਸਵੇਰੇ 10.00 ਵਜੇ ਤੋਂ ਬਾਅਦ ਦੁਪਹਰ 2.00 ਵਜੇ ਤੱਕ ਖੁੱਲਣਗੇ ਅਤੇ ਪਬਲਿਕ ਡੀਲਿੰਗ ਵੀ ਇਸੇ ਸਮੇਂ ਦੋਰਾਨ ਹੋਵੇਗੀ। ਹਰ ਬੈਂਕ ਦੇ ਮੈਨੇਜਰ ਦੀ ਜਿੰਮੇਵਾਰੀ ਹੋਵੇਗੀ ਕਿ ਉਹ **ਕੋਵਿੰਡ**-19 ਸਬੰਧੀ ਸਰਕਾਰ ਵੱਲੋ ਸਮੇਂ ਸਮੇਂ ਸਿਰ ਜਾਰੀ ਹਦਾਇਤਾਂ ਦੀ ਪਾਲਣਾ ਕਰਨਗੇ।
3. ਪ੍ਰਾਈਵੇਟ ਹਸਪਤਾਲ/ਨਰਸਿੰਗ ਹੋਮ/Diagnostic Laboratories ਦੇ ਸਾਰੇ ਡਾਕਟਰਾਂ/ ਮੁਲਾਜਮਾਂ ਨੂੰ ਕਰਫਿਊ ਪਾਸ ਤੋ ਬਿਨ੍ਹਾਂ ਪੰਜੀਕ੍ਰਿਤ ਪੰਜਾਬ ਮੈਡੀਕਲ ਕੌਂਸਲ/ ਡੈਟਲ ਕੌਂਸਲ ਜਾਂ ਆਈ.ਐਮ.ਏ ਵੱਲੋਂ ਜਾਰੀ ਕੀਤੇ ਆਈ.ਕਾਰਡ ਨਾਲ ਕੰਮ ਕਰਨ ਦੀ ਆਗਿਆ ਹੋਵੇਗੀ।
4. ਮਰੀਜਾਂ ਨੂੰ ਪ੍ਰਾਈਵੇਟ ਹਸਪਤਾਲ ਜਾਂ ਨਰਸਿੰਗ ਹੋਮ ਜਾਂ ਕਿਸੇ ਵੀ ਹਸਪਤਾਲ ਵੱਲੋ ਜਾਰੀ ਕਾਰਡ ਜਾਂ ਪਰਚੀ ਦਿਖਾਕੇ ਸਬੰਧਤ ਪ੍ਰਾਈਵੇਟ ਹਸਪਤਾਲ ਜਾਂ ਨਰਸਿੰਗ ਹੋਮ ਵਿਖੇ ਜਾਣ ਦੀ ਆਗਿਆ ਹੋਵੇਗੀ ਅਤੇ ਨਵੇਂ ਮਰੀਜ ਈ.ਪਾਸ ਰਾਹੀਂ ਜਾਂ ਜੇਕਰ ਕੋਈ ਮਰੀਜ ਜਿਆਦਾ ਸੀਰੀਅਸ ਹੁੰਦਾ ਹੈ ਤਾਂ ਉਸ ਨੂੰ ਕਰਫਿਊ ਪਾਸ ਦੀ ਜਰੂਰਤ ਨਹੀ ਹੋਵੇਗੀ।
5. ਉਹ ਵਿਅਕਤੀ ਜੋ OOAT/De-Addiction Centers ਤੋ ਦਵਾਈ ਲੈਂਦੇ ਹਨ ਆਪਣੀ ਪਰਚੀ ਦਿਖਾਕੇ OOAT/De-Addiction Centers ਤੇ ਦਵਾਈ ਲੈਣ ਜਾ ਸਕਦੇ ਹਨ।

ਇਹ ਹੁਕਮ ਮੌਜੂਦਾ ਸਥਿਤੀ ਨੂੰ ਮੁੱਖ ਰੱਖਦੇ ਹੋਏ ਇਕ ਤਰਫਾ ਪਾਸ ਕੀਤਾ ਜਾਂਦਾ ਹੈ ਅਤੇ ਆਮ ਲੋਕਾਂ ਦੇ ਨਾਮ ਜਾਰੀ ਕੀਤਾ ਜਾਂਦਾ ਹੈ।ਇਹ ਹੁਕਮ ਤੁਰੰਤ ਲਾਗੂ ਹੋਣਗੇ।ਇਸ ਹੁਕਮ ਦਾ ਪ੍ਰਚਾਰ ਜਿਲ੍ਹਾ ਲੋਕ ਸੰਪਰਕ ਅਫਸਰ, ਫ਼ਤਹਿਗੜ੍ਹ ਸਾਹਿਬ ਦੀ ਪ੍ਰਚਾਰ ਵੈਨ/ਦੂਰਦਰਸ਼ਨ/ ਪ੍ਰੈਸ ਮਾਧਿਅਮ ਰਾਹੀਂ ਪ੍ਰਚਾਰ ਕਰਵਾ ਕੇ ਪੁਲਿਸ ਸਟੇਸ਼ਨਾਂ/ ਨਗਰ ਕੌਂਸਲਾਂ/ਉਪ ਮੰਡਲ ਮੈਜਿਸਟਰੇਟਾਂ/ਤਹਿਸੀਲਦਾਰਾਂ ਅਤੇ ਸਦਰ ਮੁਕਾਮਾਂ ਦੇ ਨੋਟਿਸ ਬੋਰਡਾਂ ਇਸ ਹੁਕਮ ਦੀਆਂ ਨਕਲ ਚਸਪਾ ਕਰਕੇ ਲਾਗੂ ਕੀਤਾ ਜਾਵੇ।

ਇਹ ਹੁਕਮ ਅੱਜ ਮਿਤੀ 01/04/2020 ਨੂੰ ਮੇਰੇ ਹਸਤਾਖ਼ਰਾਂ ਅਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ।

ਜਿਲ੍ਹਾ ਮੈਜਿਸਟਰੇਟ,
ਫ਼ਤਹਿਗੜ੍ਹ ਸਾਹਿਬ।

ਪਿੱਠ ਅੰਕਣ ਨੰ:6772-6812 /ਫ.ਕ.2 ਮਿਤੀ: 01-04-2020

ਇਸ ਦਾ ਇੱਕ ਉਤਾਰਾ:-

1.ਮੁੱਖ ਸਕੱਤਰ, ਪੰਜਾਬ ਸਰਕਾਰ,ਚੰਡੀਗੜ੍ਹ।
2.ਵਧੀਕ ਮੁੱਖ ਸਕੱਤਰ,ਗ੍ਰਹਿ ਵਿਭਾਗ, ਪੰਜਾਬ ਸਰਕਾਰ,ਚੰਡੀਗੜ੍ਹ।
3.ਡਾਇਰੈਕਟਰ ਜਨਰਲ ਆਫ ਪੁਲਿਸ,ਪੰਜਾਬ, ਚੰਡੀਗੜ੍ਹ।
4.ਇੰਸਪੈਕਟਰ ਜ਼ਨਰਲ ਆਫ ਪੁਲਿਸ (ਸੀ.ਆਈ.ਡੀ.ਪੰਜਾਬ ਚੰਡੀਗੜ੍ਹ)
5.ਇੰਸਪੈਕਟਰ ਜਨਰਲ ਆਫ ਪੁਲਿਸ,ਰੂਪਨਗਰ ।
6.ਕਮਿਸ਼ਨਰ,ਪਟਿਆਲਾ ਮੰਡਲ ਪਟਿਆਲਾ।
7.ਜਿਲ੍ਹਾ ਅਤੇ ਸੈਸ਼ਨ ਜੱਜ, ਫ਼ਤਹਿਗੜ੍ਹ ਸਾਹਿਬ।
8.ਸਮੂਹ ਜਿਲ੍ਹਾ ਮੈਜਿਸਟਰੇਟ,ਪੰਜਾਬ ਰਾਜ.................................................................
9.ਸੀਨੀਅਰ ਕਪਤਾਨ ਪੁਲਿਸ,ਫ਼ਤਹਿਗੜ੍ਹ ਸਾਹਿਬ।
10.ਵਧੀਕ ਡਿਪਟੀ ਕਮਿਸ਼ਨਰ (ਵਿ)ਫ਼ਤਹਿਗੜ੍ਹ ਸਾਹਿਬ।
11.ਸਿਵਲ ਸਰਜਨ,ਫ਼ਤਹਿਗੜ੍ਹ ਸਾਹਿਬ।
12.ਉਪ ਮੰਡਲ ਮੈਜਿਸਟਰੇਟ,ਫ਼ਤਹਿਗੜ ਸਾਹਿਬ/ਅਮਲੋਹ/ਬਸੀ ਪਠਾਣਾਂ/ਖਮਾਣੋ।
13. ਤਹਿਸੀਲਦਾਰ/ ਫ਼ਤਹਿਗੜ ਸਾਹਿਬ/ਅਮਲੋਹ/ਬਸੀ ਪਠਾਣਾਂ/ਖਮਾਣੋ।
14.ਜਿਲ੍ਹਾ ਲੋਕ ਸੰਪਰਕ ਅਫਸਰ,ਫ਼ਤਹਿਗੜ੍ਹ ਸਾਹਿਬ।
15.ਜਿਲ੍ਹਾ ਅਟਾਰਨੀ,ਫ਼ਤਹਿਗੜ੍ਹ ਸਾਹਿਬ।
16.ਜਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ,ਫ਼ਤਹਿਗੜ੍ਹ ਸਾਹਿਬ।
17.ਜਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ,ਫ਼ਤਹਿਗੜ੍ਹ ਸਾਹਿਬ।
18. ਜਿਲ੍ਹਾ ਸਿੱਖਿਆ ਅਫਸਰ(ਸ)/(ਐਲੀ.),ਫ਼ਤਹਿਗੜ੍ਹ ਸਾਹਿਬ।
19.ਬਲਾਕ ਵਿਕਾਸ ਤੇ ਪੰਚਾਇਤ ਅਫਸਰ,ਸਰਹਿੰਦ/ਅਮਲੋਹ/ਬਸੀ ਪਠਾਣਾਂ/ਖਮਾਣੋ/ਖੇੜਾ
20.ਕਾਰਜ ਸਾਧਕ ਅਫਸਰ, ਨਗਰ ਕੌਂਸਲ /ਨਗਰ ਪੰਚਾਇਤ, ਸਰਹਿੰਦ/ਅਮਲੋਹ/ਬਸੀ ਪਠਾਣਾਂ/ਖਮਾਣੋ/ਮੰਡੀ ਗੋਬਿੰਦਗੜ੍ਹ।

ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਘੱਲਿਆ ਜਾਂਦਾ ਹੈ।

21.ਪੀ.ਏ ਟੂ ਡੀ.ਐਮ./ਸਟੈਨੋ ਟੂ ਏ.ਡੀ.ਐਮ./ਸ.ਕ(ਜ)ਫ਼ਤਹਿਗੜ੍ਹ ਸਾਹਿਬ ਪਾਸ ਅਧਿਕਾਰੀ ਸਾਹਿਬਾਨ ਜੀ ਦੀ ਜਾਣਕਾਰੀ ਹਿੱਤ।

ਸਹਾਇਕ ਕਮਿਸ਼ਨਰ(ਜ),
ਵਾ: ਜਿਲ੍ਹਾ ਮੈਜਿਸਟਰੇਟ,
ਫ਼ਤਹਿਗੜ੍ਹ ਸਾਹਿਬ।